pstcl
PUNJAB STATE TRANSMISSION CORPORATION LIMITED

**ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**
(ਰਜਿ: ਦਫ਼ਤਰ: ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)
**ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814**
**ਦਫ਼ਤਰ: ਉਪ ਮੁੱਖ ਇੰਜ:/ਐੱਚ ਆਰ ਅਤੇ ਪ੍ਰਬੰਧਕੀ, ਸ਼ਕਤੀ ਸਦਨ, ਪਟਿਆਲਾ**
**ਫੈਕਸ ਨੰ:- 0175-2220054 ਟੈਲਿਫੂਨ ਨੰ:- 0175-2970693 ਵੈਬਸਾਇਟ : pstcl.org**

ਵੱਲ

1. ਪ੍ਰਮੁੱਖ ਇੰਜੀਨੀਅਰ/ਪੀ ਤੇ ਐਮ,ਪੀ.ਐਸ.ਟੀ.ਸੀ.ਐਲ., ਲੁਧਿਆਣਾ।
2. ਪ੍ਰਮੁੱਖ ਇੰਜੀਨੀਅਰ/ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਮੁੱਖ ਇੰਜੀਨੀਅਰ/ਐਸ.ਐਲ.ਡੀ.ਸੀ.,ਪੀ.ਐਸ.ਟੀ.ਸੀ.ਐਲ., ਅਬਲੋਵਾਲ, ਪਟਿਆਲਾ।
4. ਮੁੱਖ ਵਿੱਤ ਅਫਸਰ, ਪੀ.ਐਸ.ਟੀ.ਸੀ.ਐਲ.,ਪਟਿਆਲਾ।
5. ਮੁੱਖ ਲੇਖਾ ਅਫਸਰ/ ਵਿੱਤ ਤੇ ਆਡਿਟ, ਪੀ.ਐਸ.ਟੀ.ਸੀ.ਐਲ.,ਪਟਿਆਲਾ।
6. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ.,ਪਟਿਆਲਾ।
7. ਸਮੂਹ ਨਿਗਰਾਨ ਇੰਜੀ:/ਸੀਨੀ.ਕਾ:ਕਾ:ਇੰਜੀ:, ਪੀ.ਐਸ.ਟੀ.ਸੀ.ਐਲ.।

ਮੀਮੋ ਨੰ: 9742/48 /Estt.-2/Misc.-56/SE/Admn.

ਮਿਤੀ: 30/09/24

**ਵਿਸ਼ਾ:-** **ਪੀ.ਐਸ.ਟੀ.ਸੀ.ਐਲ. ਸੰਸਥਾਂ ਵੱਲੋਂ ਭਰਤੀ ਕੀਤੇ ਗਏ ਅਧਿਕਾਰੀਆਂ ਦੇ 50/55 ਸਾਲ ਦੀ ਉਮਰ ਉਪਰੰਤ ਸੇਵਾ ਵਿੱਚ ਬਣੇ ਰਹਿਣ ਲਈ ਮੰਨਜ਼ੂਰੀ ਦੇਣ ਸਬੰਧੀ।।**

**ਹਵਾਲਾ:-** **ਇਸ ਦਫਤਰ ਦਾ ਦ:/ਹੁ:ਨੰ:819 ਮਿਤੀ 19.8.2021, ਮੀਮੋ ਨੰ:11913/12027 ਮਿਤੀ 03.09.2021 ਅਤੇ ਮੀਮੋ ਨੰ:2525/31 ਮਿਤੀ 05.03.2024 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰਾਂ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੀ.ਐਸ.ਟੀ.ਸੀ.ਐਲ. ਦੁਆਰਾ ਭਰਤੀ ਕੀਤੇ ਗਏ ਅਧਿਕਾਰੀਆਂ ਦੇ 50/55 ਸਾਲ ਉਮਰ ਪੁੱਗਣ ਤੇ ਸੇਵਾ ਵਿੱਚ ਅੱਗੋਂ ਲਗਾਤਾਰਤਾ ਦੇਣ ਲਈ ਕੇਸ ਇਸ ਦਫਤਰ ਦਾ ਦ:/ਹੁ:ਨੰ:819 ਮਿਤੀ 19.8.2021 ਰਾਹੀਂ ਜਾਰੀ ਹਦਾਇਤਾਂ ਅਤੇ ਸਕੱਤਰ ਬੋਰਡ, ਪੰਜਾਬ ਰਾਜ ਬਿਜਲੀ ਬੋਰਡ ਦੇ ਮੀਮੋ ਨੰ:110796/111446 ਮਿਤੀ 24.08.95, ਸਕੱਤਰ/ਅਮਲਾ ਅਗਜ਼ਟੀ-1 ਭਾਗ, ਪਟਿਆਲਾ ਦੇ ਮੀਮੋ ਨੰ:33389/33949 ਮਿਤੀ 11.02.2003 ਰਾਹੀਂ ਜ਼ਾਰੀ ਹਦਾਇਤਾਂ ਅਨੁਸਾਰ ਹਾਈ ਇੰਮਪਾਵਰਡ ਕਮੇਟੀ ਨੂੰ ਪੇਸ਼ ਕੀਤੇ ਜਾਂਦੇ ਹਨ।

ਉਪਰੋਕਤ ਦੇ ਸਬੰਧ ਵਿੱਚ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਆਪ ਜੀ ਦੀ ਸੰਸਥਾਂ ਅਧੀਨ ਪੀ.ਐਸ.ਟੀ.ਸੀ.ਐਲ. ਦੁਆਰਾ ਭਰਤੀ ਕੀਤੇ ਗਏ ਜਿਹੜੇ ਅਧਿਕਾਰੀਆਂ ਦੇ 50/55 ਸਾਲ ਉਮਰ ਪੁੱਗਣ ਤੇ ਸੇਵਾ ਵਿੱਚ ਅੱਗੋਂ ਲਗਾਤਾਰਤਾ ਦੇਣੀ ਬਣਦੀ ਹੈ ਉਹਨਾਂ ਦੇ ਕੇਸ ਇਸ ਦਫਤਰ ਵਿੱਚ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੇ ਅਤੇ ਜਿਸ ਨਾਲ ਬੇਲੋੜੀ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਨਾਨ-ਗਜ਼ਟੀ ਕਰਮਚਾਰੀਆਂ ਦੇ 50/55 ਸਾਲ ਉਮਰ ਪੁੱਗਣ ਤੇ ਸੇਵਾ ਵਿੱਚ ਅੱਗੋਂ ਲਗਾਤਾਰਤਾ ਦੇਣ ਦੇ ਕੇਸ ਦਫਤਰੀ ਹੁਕਮ ਨੰ:519 ਮਿਤੀ 16.08.2021 (ਕਾਪੀ ਨੱਥੀ) ਵਿੱਚ ਜਾਰੀ ਹਦਾਇਤਾਂ ਅਨੁਸਾਰ ਸਬੰਧਤ ਕਰਮਚਾਰੀ ਦੇ HOD ਵੱਲੋਂ ਆਪਣੇ ਪੱਧਰ ਤੇ ਵਿਚਾਰੇ ਜਾਣੇ ਬਣਦੇ ਹਨ।

ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੀ ਸੰਸਥਾਂ ਅਧੀਨ ਪੀ.ਐਸ.ਟੀ.ਸੀ.ਐਲ. ਦੁਆਰਾ ਭਰਤੀ ਕੀਤੇ ਗਏ ਜਿਹੜੇ ਅਧਿਕਾਰੀਆਂ ਦੇ 50/55 ਸਾਲ ਉਮਰ ਪੁੱਗਣ ਤੇ ਸੇਵਾ

ਵਿੱਚ ਅੱਗੋਂ ਲਗਾਤਾਰਤਾ ਦੇਣ ਲਈ ਕੇਸ ਵਿਚਾਰ ਅਧੀਨ ਹਨ, ਹਰ ਤਿਮਾਹੀ, ਨੱਥੀ ਪ੍ਰਫਾਰਮੇ ਅਨੁਸਾਰ ਅਧਿਕਾਰੀਆਂ ਦੀ ਦਿਮਾਗੀ ਅਤੇ ਤੰਦਰੁਸਤੀ ਸਬੰਧੀ ਰਿਪੋਰਟ/ਫਿਟਨੈਸ ਸਰਟੀਫਿਕੇਟ, ਵਿਭਾਗ ਦੇ ਮੁੱਖੀ ਵੱਲੋਂ ਸਿਫਾਰਿਸ਼ਾਂ ਸਹਿਤ ਅਤੇ ਨੱਥੀ ਪ੍ਰਫਾਰਮੇ ਦੇ ਕਾਲਮ ਨੰ:1 ਤੋਂ 7 ਤੱਕ ਲੇਖਾ ਅਫਸਰ/ਤਨਖਾਹ ਤੇ ਲੇਖਾ, ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਦਫਤਰ ਤੋਂ ਤਸਦੀਕ ਕਰਵਾ ਕੇ ਨਿਮਨ ਹਸਤਾਖਸ਼ਰ ਦੇ ਦਫਤਰ ਨੂੰ ਭਿਜਵਾਉਣ ਦੀ ਕਿਰਪਾਲਤਾ ਕੀਤੀ ਜਾਵੇ ਤਾਂ ਜੋ ਅਧਿਕਾਰੀਆਂ ਦੇ 50/55 ਸਾਲ ਉਮਰ ਪੁੱਗਣ ਤੇ ਸੇਵਾ ਵਿੱਚ ਅੱਗੋਂ ਲਗਾਤਾਰਤਾ ਦੇਣ ਸਬੰਧੀ ਕੇਸ ਨੂੰ ਸਮੇਂ ਸਿਰ ਵਿਚਾਰਿਆ ਜਾ ਸਕੇ ਅਤੇ ਨਾਨ-ਗਜ਼ਟੀ ਕਰਮਚਾਰੀਆਂ ਦੇ ਕੇਸ ਆਪਣੇ ਪੱਧਰ ਤੇ ਵਿਚਾਰਦੇ ਹੋਏ ਉਸਦੇ ਦਫਤਰੀ ਹੁਕਮ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ ਜੀ।

30/9/2024

ਉਪ ਮੁੱਖ ਇੰਜੀ:/ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

9749/51

ਸੀਸੀ/ 30/09/24

1. ਉਪ ਮੁੱਖ ਇੰਜੀ:/ਆਈ.ਟੀ., ਪੀ.ਐਸ.ਟੀ.ਸੀ.ਐਲ., ਪਟਿਆਲਾ।
2. ਉਪ ਮੁੱਖ ਇੰਜੀ:/ਐਸ. ਐਂਡ ਡੀ., ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਉਪ ਮੁੱਖ ਇੰਜੀ:/ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ., ਪਟਿਆਲਾ।

ਗਜ਼ਟੀ ਅਤੇ ਨਾਨ-ਗਜ਼ਟੀ ਅਧਿਕਾਰੀਆਂ/ ਕਰਮਚਾਰੀਆਂ ਦੇ ਕੇਸ ਸਮੇਂ ਸਿਰ ਭੇਜਣ ਸਬੰਧੀ।